## ਇੰਡਿਜਿਨਸ (ਸਵਦੇਸ਼ੀ) ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਲਾਗੂ ਕਰਨ ਬਾਰੇ ਬੀ.ਸੀ. ਦੇ ਕਾਨੂੰਨ

ਸੂਬਾਈ ਸਰਕਾਰ *ਇੰਡਿਜਿਨਸ ਲੋਕਾਂ ਦੇ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ* ਨੂੰ ਲਾਗੂ ਕਰਨ ਲਈ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਹੀ ਹੈ, ਜਿਸਦੀ ਟਰੁੱਥ ਐਂਡ ਰੀਕਨਸਿਲਿਏਸ਼ਨ ਕਮਿਸ਼ਨ (Truth and Reconciliation Commission), ਸੰਧੀ ਦੇ ਢਾਂਚੇ ਦੇ ਰੂਪ ਵਿੱਚ ਪੁਸ਼ਟੀ ਕਰਦੀ ਹੈ।

ਇਹ ਕਾਨੂੰਨ ਅੱਗੇ ਵਧਣ ਦਾ ਰਾਹ ਤਿਆਰ ਕਰੇਗਾ, ਜੋ ਸਾਡੇ ਦੁਆਰਾ ਮਿਲ ਕੇ ਕੀਤੇ ਗਏ ਕੰਮ ਵਿੱਚ ਬਿਹਤਰ ਪਾਰਦਰਸ਼ਤਾ ਅਤੇ ਪੂਰਵਾਨੁਮਾਨਸ਼ੀਲਤਾ ਦਾ ਪਰਿਚੈ ਦਿੰਦੇ ਹੋਏ ਇੰਡਿਜਿਨਸ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰਦਾ ਹੈ।

ਇਹ ਕਾਨੂੰਨ ਬੀ.ਸੀ. ਦੇ ਕਾਨੂੰਨਾਂ ਨੂੰ ਇੰਡਿਜਿਨਸ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ (ਯੂਐਨ ਡੈਕਲਰੇਸ਼ਨ) ਨਾਲ ਇਕਸਾਰ ਕਰਨ ਦੀ ਪ੍ਰਕਿਰਿਆ ਤੈਅ ਕਰੇਗਾ।

ਸੂਬਾ ਫਸਟ ਨੇਸ਼ਨਜ਼ ਲੀਡਰਸ਼ਿਪ ਕੌਂਸਲ (ਬੀ ਸੀ ਅਸੈਂਬਲੀ ਆਫ਼ ਫਸਟ ਨੇਸ਼ਨਜ਼, ਫਸਟ ਨੇਸ਼ਨਜ਼ ਸਮਿਟ ਅਤੇ ਯੂਨੀਅਨ ਔਫ਼ ਬੀ ਸੀ ਇੰਡੀਅਨ ਚੀਫਜ਼) ਨਾਲ ਕੰਮ ਕਰ ਰਿਹਾ ਹੈ, ਜਿਨ੍ਹਾਂ ਨੂੰ ਬੀ ਸੀ ਫਸਟ ਨੇਸ਼ਨਜ਼ ਦੇ ਮੁਖੀਆਂ ਦੁਆਰਾ ਕਾਨੂੰਨ ਨੂੰ ਵਿਕਸਤ ਕਰਨ ਲਈ ਨਿਰਦੇਸ਼ ਦਿੱਤਾ ਗਿਆ ਹੈ।

ਸਾਬਕਾ ਫੈਡਰਲ ਬਿੱਲ ਸੀ -262 ਵਾਂਗ ਹੀ, ਕਾਨੂੰਨ ਵਿੱਚ ਇਹ ਹੋਣ ਦੀ ਯੋਜਨਾਬੰਦੀ ਕੀਤੀ ਗਈ ਹੈ:

- ਬੀ.ਸੀ. ਦੇ ਕਾਨੂੰਨਾਂ ਦੀ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਇਕਸਾਰਤਾ, ਅਤੇ
- ਇਕ ਕਾਰਜ ਯੋਜਨਾ ਜਿਸ ਵਿਚ ਇਕਸਾਰ ਜਨਤਕ ਰਿਪੋਰਟਿੰਗ ਸ਼ਾਮਲ ਹੈ।

ਸਮੇਂ ਦੇ ਨਾਲ ਜਿਵੇਂ ਕਿ ਕਾਨੂੰਨਾਂ ਨੂੰ ਸੋਧਿਆ ਜਾਂ ਬਣਾਇਆ ਜਾਂਦਾ ਹੈ, ਉਹਨਾਂ ਨੂੰ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਇਕਸਾਰ ਕੀਤਾ ਜਾਵੇਗਾ। ਇਨ੍ਹਾਂ ਮੂਲ ਹਿੱਸਿਆਂ ਤੋਂ ਇਲਾਵਾ, ਇਹ ਕਾਨੂੰਨ ਸੂਬੇ ਨੂੰ ਇੰਡਿਜਿਨਸ ਸਰਕਾਰਾਂ ਦੀ ਵਿਆਪਕ ਸ਼੍ਰੇਣੀ ਨਾਲ ਸਮਝੌਤੇ ਕਰਨ ਲਈ ਲਚਕੀਲੇਪਣ ਦੀ ਆਗਿਆ ਦੇਣ ਦਾ ਇਰਾਦਾ ਰੱਖਦਾ ਹੈ। ਜਿਸ ਅਤਿਰਿਕਤ ਅੰਸ਼ ਦੀ ਖੋਜ ਕੀਤੀ ਜਾ ਰਹੀ ਹੈ ਉਹ ਹੈ ਕਿ ਆਪਣੇ ਨਾਗਰਿਕਾਂ ਨੂੰ ਪ੍ਰਭਾਵਿਤ ਕਰਨੇ ਵਾਲੇ ਮਾਮਲਿਆਂ ਬਾਰੇ ਇੰਡਿਜਿਨਸ ਸਰਕਾਰਾਂ ਲਈ ਫੈਸਲੇ ਲੈਣ ਦੇ ਮੌਕੇ ਕਿਵੇਂ ਪੈਦਾ ਕੀਤੇ ਜਾਣ। ਇਹ ਕੰਮ ਵਾਤਾਵਰਣ ਮੁਲਾਂਕਣ ਅਤੇ ਬਾਲ ਕਲਿਆਣ ਨਾਲ ਪਹਿਲਾਂ ਹੀ ਅਰੰਭ ਹੋ ਚੁੱਕਾ ਹੈ।

### ਕਾਨੂੰਨ ਕਿਉਂ ਬਣਾਉਣਾ ਹੈ?

ਉਪਨਿਵੇਸ਼ਵਾਦ ਦੇ ਕਾਰਨ ਇੰਡਿਜਿਨਸ ਲੋਕਾਂ ਦੁਆਰਾ ਝੱਲੇ ਜਾ ਰਹੇ ਜ਼ੁਲਮ ਅਤੇ ਨੁਕਸਾਨਾਂ ਵਿੱਚ ਸੂਬਾ ਆਪਣੀ ਭੂਮਿਕਾ ਨੂੰ ਪਛਾਣਦਾ ਹੈ - ਜਿਸ ਵਿੱਚ ਸਰਕਾਰੀ ਦੇਖਭਾਲ ਵਿੱਚ ਵੱਡੀ ਗਿਣਤੀ ਵਿੱਚ ਇੰਡਿਜਿਨਸ ਬੱਚਿਆਂ ਦਾ

ਹੋਣਾ, ਅਤੇ ਗਰੀਬੀ, ਆਤਮਹੱਤਿਆ ਅਤੇ ਵਿਤਕਰੇ ਦੇ ਪਰੇਸ਼ਾਨ ਕਰਨ ਵਾਲੇ ਪੱਧਰ - ਅਤੇ ਅਸਲ ਹੱਲਾਂ ਦੀ ਜ਼ਰੂਰਤ ਸ਼ਾਮਲ ਹੈ।

ਬੀ. ਸੀ. ਦੇ ਇੰਡਿਜਿਨਸ ਲੋਕਾਂ ਨਾਲ ਸਬੰਧ ਅਕਸਰ ਟਕਰਾਅ ਵਾਲੇ ਰਹੇ ਹਨ। ਫਸਟ ਨੇਸ਼ਨਜ਼ ਨੇ ਆਪਣੇ ਅਧਿਕਾਰਾਂ ਦੀ ਰਾਖੀ ਲਈ ਮੁਕੱਦਮੇਬਾਜ਼ੀ ਨੂੰ ਇਕਮਾਤਰ ਸਹਾਰੇ ਦੇ ਰੂਪ ਵਿੱਚ ਅਪਣਾਇਆ ਹੈ। ਕੈਨੇਡਾ ਦਾ ਸੰਵਿਧਾਨ ਉਨ੍ਹਾਂ ਦੇ ਪ੍ਰਦੇਸ਼ਾਂ ਵਿਚ ਇੰਡਿਜਿਨਸ ਲੋਕਾਂ ਦੇ ਅਧਿਕਾਰਾਂ ਨੂੰ ਮਾਨਤਾ ਅਤੇ ਸੁਰੱਖਿਆ ਦਿੰਦਾ ਹੈ ਅਤੇ ਅਦਾਲਤਾਂ ਨੇ ਇਨ੍ਹਾਂ ਅਧਿਕਾਰਾਂ ਨੂੰ ਸਪੱਸ਼ਟ ਤੌਰ ਤੇ ਕਾਇਮ ਰੱਖਿਆ ਹੈ।

ਕਾਨੂੰਨ ਇੰਡਿਜਿਨਸ ਲੋਕਾਂ ਦੇ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਦੇਣ ਲਈ ਅਤੇ ਸੰਯੁਕਤ ਰਾਜ ਦੇ ਐਲਾਨਨਾਮੇ ਦੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਮਾਨਕਾਂ ਦੇ ਨਾਲ ਬੀ.ਸੀ. ਦੇ ਕਾਨੂੰਨਾਂ ਦੇ ਨਾਲ ਇੱਕ ਸੇਧ ਵਿੱਚ ਲਿਆਉਣ ਲਈ, ਨਾਲ ਹੀ ਕੈਨੇਡੀਅਨ ਇੰਡਿਜਿਨਸ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਲਈ ਇਕ ਵਿਧਾਨਕ ਢਾਂਚਾ ਪ੍ਰਦਾਨ ਕਰੇਗਾ।

ਕਾਨੂੰਨ ਦੇ ਨਾਲ, ਸੂਬਾ, ਇੰਡਿਜਿਨਸ ਲੋਕ, ਕਾਰੋਬਾਰਾਂ ਅਤੇ ਸਥਾਨਕ ਸਰਕਾਰਾਂ ਕੋਲ ਪ੍ਰਭਾਵਸ਼ਾਲੀ ਸਬੰਧ ਬਣਾਉਣ ਅਤੇ ਇਕ ਮਜਬੂਤ ਅਤੇ ਟਿਕਾਊ ਅਰਥਵਿਵਸਥਾ ਨੂੰ ਬਣਾਉਣ ਲਈ ਬਿਹਤਰ ਸੰਦ ਹੋਣਗੇ।

ਬੀ. ਸੀ. ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਕਿ ਕਿਵੇਂ ਇਕੱਠੇ ਕੰਮ ਕਰਨ ਨਾਲ ਫਸਟ ਨੇਸ਼ਨਜ਼, ਉਦਯੋਗ ਅਤੇ ਸੂਬੇ ਲਈ ਲਾਭ ਹੁੰਦਾ ਹੈ। ਇਨ੍ਹਾਂ ਵਿੱਚ ਸੈਕੈਲਟ ਨੇੜੇ ਸ਼ਿਸ਼ਾਲ ਨੇਸ਼ਨ ਦੇ ਨਾਲ ਜੰਗਲਾਤ ਅਤੇ ਉੱਤਰ ਪੱਛਮੀ ਬੀ.ਸੀ. ਵਿੱਚ ਤੈਲਟੈਨ ਨੇਸ਼ਨ ਨਾਲ ਜ਼ਮੀਨੀ ਵਰਤੋਂ ਦੀ ਯੋਜਨਾਬੰਦੀ ਸ਼ਾਮਲ ਹਨ।

ਇਹ ਕਾਨੂੰਨ ਬੀ.ਸੀ. ਵਿਚ ਇੰਡਿਜਿਨਸ ਲੋਕਾਂ, ਪਰਿਵਾਰਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਲਈ ਵਧੇਰੇ ਮੌਕੇ ਪੈਦਾ ਕਰਨ ਵਿਚ ਸਹਾਇਤਾ ਕਰੇਗਾ। ਇਹ ਅੱਗੇ ਇੱਕ ਵਧੇਰੇ ਸੁਰੱਖਿਅਤ, ਅਨੁਮਾਨਯੋਗ ਅਤੇ ਸਹਿਯੋਗਾਤਮਕ ਰਸਤਾ ਸਥਾਪਿਤ ਕਰੇਗਾ - ਜੋ ਕਿ ਬੀ.ਸੀ. ਦੀ ਅਰਥਵਿਵਸਥਾ ਨੂੰ ਵਿਕਸਤ ਕਰਨ ਅਤੇ ਚੰਗੀਆਂ ਨੌਕਰੀਆਂ ਪੈਦਾ ਕਰਨ ਵਿਚ ਸਹਾਇਤਾ ਕਰੇਗਾ, ਅਤੇ ਇੰਡਿਜਿਨਸ ਅਧਿਕਾਰਾਂ ਅਤੇ ਵਾਤਾਵਰਣ ਦੀ ਰੱਖਿਆ ਕਰੇਗਾ।

## ਇਹ ਬੀ.ਸੀ. ਨਾਲ ਇੰਡਿਜਿਨਸ ਸਰਕਾਰ ਦੇ ਸਮਝੌਤਿਆਂ ਨੂੰ ਕਿਵੇਂ ਸਹਾਇਤਾ ਕਰੇਗਾ?

ਬੀ. ਸੀ. ਪਹਿਲਾਂ ਹੀ ਵੱਖ ਵੱਖ ਕਿਸਮਾਂ ਦੀਆਂ ਇੰਡਿਜਿਨਸ ਸਰਕਾਰਾਂ ਨਾਲ ਕੁਝ ਸਮਝੌਤੇ ਕਰ ਚੁੱਕਾ ਹੈ, ਅਤੇ ਇਹ ਕਾਨੂੰਨ ਅਜਿਹਾ ਕਰਨ ਲਈ ਸਿਰਫ ਇੱਕ ਸਪਸ਼ਟ ਵਿਧੀ ਮੁਹੱਈਆ ਕਰਵਾਏਗਾ। ਇਸ ਕਾਨੂੰਨ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਸੂਬੇ ਨੂੰ ਇੰਡੀਅਨ ਐਕਟ ਬੈਂਡ ਅਤੇ ਸੰਗਠਿਤ ਸੰਗਠਨਾਂ (ਜਿਵੇਂ ਕਿ ਸੁਸਾਇਟੀਆਂ) ਤੋਂ ਇਲਾਵਾ ਇੰਡਿਜਿਨਸ ਸਰਕਾਰਾਂ ਨਾਲ ਸਮਝੌਤੇ ਕਰਨ ਦੀ ਆਗਿਆ ਦੇਵੇਗਾ। ਇਸਦਾ ਅਰਥ ਇਹ ਹੋਏਗਾ ਕਿ ਸੂਬਾਈ ਸਰਕਾਰ ਇੰਡਿਜਿਨਸ ਸਰਕਾਰਾਂ ਦੀਆਂ ਹੋਰ ਕਿਸਮਾਂ ਦੇ ਨਾਲ ਸਮਝੌਤੇ ਕਰ ਸਕਦੀ ਹੈ - ਉਦਾਹਰਣ ਵਜੋਂ, ਕਈ ਨੇਸ਼ਨਜ਼ ਇਕੱਠੇ, ਜਾਂ ਵੰਸ਼ਵਾਦੀ ਸਰਕਾਰਾਂ ਵਜੋਂ ਕੰਮ ਕਰ ਰਹੇ ਹਨ - ਜਿਥੇ ਉਹ ਨੇਸ਼ਨਜ਼ ਚੁਣਦੇ ਹਨ। ਇਕ ਮਹੱਤਵਪੂਰਣ ਮਾਪਦੰਡ ਇਹ ਹੋਵੇਗਾ ਕਿ ਇੰਡਿਜਿਨਸ ਸਰਕਾਰ ਜਾਂ ਇਕਾਈ ਆਪਣੇ ਨਾਗਰਿਕਾਂ ਦੁਆਰਾ ਉਨ੍ਹਾਂ ਦੇ ਰਾਸ਼ਟਰ ਦੀ ਨੁਮਾਇੰਦਗੀ ਵਜੋਂ ਮਾਨਤਾ ਪ੍ਰਾਪਤ ਹੈ।

**ਫੈਸਲਾ ਲੈਣ ਵਿੱਚ ਇਸਦਾ ਕੀ ਮਤਲਬ ਹੋਵੇਗਾ?**

ਨਵੇਂ ਕਾਨੂੰਨ ਲਈ ਵਿਚਾਰਿਆ ਜਾ ਰਿਹਾ ਇਕ ਤੱਤ ਸੂਬਾਈ ਸਰਕਾਰ ਅਤੇ ਇੰਡਿਜਿਨਸ ਸਰਕਾਰਾਂ ਦਰਮਿਆਨ ਨਵੇਂ ਫੈਸਲੇ ਲੈਣ ਦੇ ਸਮਝੌਤਿਆਂ ਲਈ ਮਰਜ਼ੀ ਹੈ, ਜਿਥੇ ਫੈਸਲੇ ਸਿੱਧੇ ਤੌਰ 'ਤੇ ਇੰਡਿਜਿਨਸ ਲੋਕਾਂ ਨੂੰ ਪ੍ਰਭਾਵਤ ਕਰਦੇ ਹਨ।

ਕਾਨੂੰਨ ਦੇ ਕਈ ਮੌਜੂਦਾ ਹਵਾਲੇ ਸੂਬਾ ਸਰਕਾਰ ਦੇ ਕਾਨੂੰਨੀ ਫ਼ੈਸਲੇ ਲੈਣ ਵਿਚ ਫਸਟ ਨੇਸ਼ਨਜ਼ ਸਰਕਾਰ ਦੀ ਸ਼ਮੂਲੀਅਤ ਹੈ, ਜਿਵੇਂ ਕਿ *ਹੈਰੀਟੇਜ ਕੰਨਜ਼ਰਵੇਸ਼ਨ ਐਕਟ (Heritage Conservation Act) ਅਤੇ ਹੇਡਾ ਗਵਾਈ ਰੀਕਨਸਿਲਿਏਸ਼ਨ ਐਕਟ (Haida Gwaii Reconciliation Act)*। ਇਸ ਤੋਂ ਇਲਾਵਾ, 2018 *ਇਨਵਾਇਰਮੈਂਟਲ ਅਸੈਸਮੈਂਟ ਐਕਟ (Environmental Assessment Act)* ਵਿਚ ਸਹਿਯੋਗਾਤਮਕ ਫੈਸਲੇ ਲੈਣਾ ਸ਼ਾਮਲ ਹੈ। ਪਰ ਸੂਬੇ ਅਤੇ ਫਸਟ ਨੇਸ਼ਨਜ਼ ਦਰਮਿਆਨ ਬਹੁਤ ਸਾਰੀਆਂ ਕਿਸਮਾਂ ਦੇ ਸਹਿਯੋਗਾਤਮਕ ਫੈਸਲੇ ਲੈਣੇ ਗੈਰ-ਰਸਮੀ ਅਤੇ ਲਾਗੂ ਕਰਨ ਵਿੱਚ ਮੁਸ਼ਕਲ ਰਹੇ ਹਨ।

ਨਵਾਂ ਕਾਨੂੰਨ ਪ੍ਰਸ਼ਾਸਨਕ ਨਿਰਪੱਖਤਾ ਅਤੇ ਪਾਰਦਰਸ਼ਤਾ ਦੇ ਨਾਲ ਸਾਂਝੇ ਫੈਸਲੇ ਲੈਣ ਦੇ ਤਰੀਕੇ ਬਾਰੇ ਢਾਂਚਾ ਪ੍ਰਦਾਨ ਕਰੇਗਾ ਅਤੇ ਸਪਸ਼ਟ ਨਿਯਮ ਸ਼ਾਮਲ ਕਰੇਗਾ। ਕਿਸੇ ਹੋਰ ਸਰਕਾਰ ਦੀ ਤਰ੍ਹਾਂ, ਫੈਸਲਾ ਲੈਣ ਦੇ ਅਧਿਕਾਰ ਦੀ ਵਰਤੋਂ ਕਰਨ ਵਾਲੀਆਂ ਇੰਡਿਜਿਨਸ ਸਰਕਾਰਾਂ ਦੇ ਸਪੱਸ਼ਟ ਪ੍ਰਕਿਰਿਆ ਅਤੇ ਨਿਯਮ ਹਨ, ਅਤੇ ਨਾਲ ਹੀ ਕਿਸੇ ਵੀ ਫੈਸਲਿਆਂ ਲਈ ਜਵਾਬਦੇਹੀ ਵੀ ਹੈ। ਅਜਿਹੇ ਸਮਝੌਤੇ ਚੰਗੇ ਪ੍ਰਾਜੈਕਟਾਂ ਲਈ ਅੱਗੇ ਵਧਣ ਦੀ ਭਵਿੱਖਬਾਣੀ, ਅਤੇ ਇੰਡਿਜਿਨਸ ਲੋਕਾਂ ਨੂੰ ਉਹਨਾਂ ਫੈਸਲਿਆਂ, ਜੋ ਉਨ੍ਹਾਂ ਨੂੰ ਪ੍ਰਭਾਵਤ ਕਰਦੇ ਹਨ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਇਕ ਵਿਧੀ ਦਾ ਸਮਰਥਨ ਕਰ ਸਕਦੇ ਹਨ।

**ਨਿਯੁਕਤੀ**

2017 ਵਿੱਚ, ਸੂਬਾਈ ਸਰਕਾਰ ਵਿੱਚ ਹਰੇਕ ਕੈਬਿਨੇਟ ਮੰਤਰੀ ਨੂੰ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਅਤੇ ਟਰੁੱਥ ਐਂਡ ਰੀਕਨਸਿਲਿਏਸ਼ਨ ਕਮਿਸ਼ਨ ਦੀ ਕਾਰਵਾਈ ਨੂੰ ਲਾਗੂ ਕਰਨ ਦਾ ਆਦੇਸ਼ ਸੌਂਪਿਆ ਗਿਆ ਸੀ। ਸੂਬਾਈ ਸਰਕਾਰ ਨੇ ਬਾਅਦ ਵਿੱਚ 2018 ਵਿੱਚ ਸੰਯੁਕਤ ਰਾਜ ਦੇ ਐਲਾਨਨਾਮੇ ਨੂੰ ਲਾਗੂ ਕਰਨ ਵਾਲੇ ਕਾਨੂੰਨਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਐਲਾਨ ਕੀਤਾ।

ਫਸਟ ਨੇਸ਼ਨਜ਼ ਲੀਡਰਸ਼ਿਪ ਕੌਂਸਲ ਦੀਆਂ ਸੰਸਥਾਵਾਂ ਨੇ ਬੀ. ਸੀ. ਵਿੱਚ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਲਾਗੂ ਕਰਨ ਲਈ ਸੂਬੇ ਦੇ ਨਾਲ ਕੰਮ ਕਰਨ ਲਈ ਬੀ. ਸੀ. ਵਿੱਚ ਫਸਟ ਨੇਸ਼ਨਜ਼ ਦੇ ਮੁਖੀਆਂ ਪਾਸੋਂ ਪ੍ਰਸਤਾਵ ਰਾਹੀਂ ਮਤੇ ਪ੍ਰਾਪਤ ਕੀਤੇ। ਕਾਨੂੰਨ 2018 ਦੇ ਸਾਂਝੇ ਏਜੰਡੇ ਦਾ ਪਹਿਲਾ ਉਦੇਸ਼ ਹੈ: ਵਚਨਬੱਧਤਾ ਦਸਤਾਵੇਜ਼ ਨੂੰ ਲਾਗੂ ਕਰਨਾ - ਠੋਸ ਕਾਰਵਾਈਆਂ: ਕਾਨੂੰਨ, ਨੀਤੀਆਂ, ਪ੍ਰਕਿਰਿਆਵਾਂ ਅਤੇ ਢਾਂਚਿਆਂ ਨੂੰ ਬਦਲਣਾ *(news.gov.bc.ca/files/BC_FNLC_Actions.pdf)*, ਅਤੇ 2019 ਦੇ ਥਰੋਨ ਦੇ ਭਾਸ਼ਣ ਅਤੇ 2019 ਦੇ ਬਜਟ ਵਿੱਚ ਦੋਹਰਾਇਆ ਗਿਆ ਸੀ।

ਸੂਬਾਈ ਸਰਕਾਰ ਅਤੇ ਫਸਟ ਨੇਸ਼ਨਜ਼ ਲੀਡਰਸ਼ਿਪ ਕੌਂਸਲ ਨੇ ਸਾਲ 2019 ਵਿਚ ਇੰਡਿਜਿਨਸ ਨੇਤਾਵਾਂ ਅਤੇ

ਸੰਗਠਨਾਂ, ਕਾਰੋਬਾਰਾਂ ਅਤੇ ਲੇਬਰ ਨੇਤਾਵਾਂ ਅਤੇ ਨਗਰਪਾਲਿਕਾਵਾਂ ਦੇ ਨਾਲ 2019 ਦੀ ਫੌਲ (ਪਤਝੜ) ਵਿਚ ਪੇਸ਼ ਕੀਤੇ ਜਾਣ ਵਾਲੇ ਕਾਨੂੰਨ ਦੀ ਅਪੇਖਿਆ ਵਿੱਚ ਪੂਰੇ ਸੂਬੇ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ ਸੀ।

**ਸੰਯੁਕਤ ਰਾਜ ਦੇ ਇੰਡਿਜਿਨਸ ਲੋਕਾਂ ਦੇ ਅਧਿਕਾਰਾਂ ਬਾਰੇ ਐਲਾਨਨਾਮਾ**

2007 ਵਿੱਚ, ਸੰਯੁਕਤ ਰਾਸ਼ਟਰ ਮਹਾਸਭਾ (ਯੁਨਾਈਟਿਡ ਨੇਸ਼ਨਜ਼ ਜਨਰਲ ਅਸੈਂਬਲੀ) ਨੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਅਪਣਾਇਆ। ਇਸ ਵਿਚ ਇੰਡਿਜਿਨਸ ਲੋਕਾਂ ਦੇ ਅਧਿਕਾਰਾਂ ਜਿਵੇਂ ਕਿ ਸਭਿਆਚਾਰ, ਪਛਾਣ, ਧਰਮ, ਭਾਸ਼ਾ, ਸਿਹਤ, ਸਿੱਖਿਆ ਅਤੇ ਕਮਿਊਨਿਟੀ ਦੇ ਸਾਰੇ ਪਹਿਲੂਆਂ ਨੂੰ ਸ਼ਾਮਲ ਕਰਨ ਵਾਲੇ 46 ਆਰਟਿਕਲ ਸ਼ਾਮਲ ਹਨ।

ਸੰਯੁਕਤ ਰਾਸ਼ਟਰ ਐਲਾਨਨਾਮਾ ਇੰਡਿਜਿਨਸ ਲੋੜਾਂ ਅਤੇ ਇੱਛਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੰਡਿਜਿਨਸ ਸੰਸਥਾਵਾਂ, ਸਭਿਆਚਾਰਾਂ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਣ ਅਤੇ ਮਜ਼ਬੂਤ ਕਰਨ ਅਤੇ ਸਵੈ-ਨਿਰਧਾਰਤ ਵਿਕਾਸ ਨੂੰ ਅੱਗੇ ਵਧਾਉਣ ਦੇ ਇੰਡਿਜਿਨਸ ਅਧਿਕਾਰਾਂ 'ਤੇ ਜ਼ੋਰ ਦਿੰਦਾ ਹੈ।

ਸੰਯੁਕਤ ਰਾਸ਼ਟਰ ਦਾ ਐਲਾਨਨਾਮਾ ਨਵੇਂ ਅਧਿਕਾਰ ਨਹੀਂ ਬਣਾਉਂਦਾ ਹੈ। ਇਹ ਸਮਾਨ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਅਜ਼ਾਦੀ ਨੂੰ ਸੰਯੁਕਤ ਰਾਸ਼ਟਰ ਦੇ ਚਾਰਟਰ (Charter of the United Nations), ਮਾਨਵ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ (Universal Declaration of Human Rights) ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨਾਂ ਦਾ ਸਮਰਥਨ ਕਰਦਾ ਹੈ।

ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਕੈਨੇਡਾ ਸਮੇਤ 148 ਦੇਸ਼ਾਂ ਨੇ ਅਪਣਾਇਆ ਹੈ।

ਟਰੁੱਥ ਐਂਡ ਰੀਕਨਸਿਲਿਏਸ਼ਨ ਕਮਿਸ਼ਨ ਨੇ ਕੈਨੇਡਾ ਦੀਆਂ ਸਾਰੀਆਂ ਸਰਕਾਰਾਂ ਨੂੰ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਮੇਲ-ਮਿਲਾਪ ਦੇ ਢਾਂਚੇ ਦੇ ਰੂਪ ਵਿੱਚ ਪੂਰੀ ਤਰ੍ਹਾਂ ਅਪਨਾਉਣ ਅਤੇ ਲਾਗੂ ਕਰਨ ਦੀ ਅਪੀਲ ਕੀਤੀ।

**ਇੰਡਿਜਿਨਸ ਲੋਕਾਂ ਨਾਲ ਮੇਲ-ਮਿਲਾਪ ਕਰਨ ਦੇ ਢਾਂਚੇ 'ਤੇ ਬੀ.ਸੀ. ਕਾਨੂੰਨ**